# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ

ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ-34 ਏ, ਚੰਡੀਗੜ੍ਹ

ਫੋਨ ਨੰ: 0172-2624673, ਫੈਕਸ ਨੰ: 2624687, ਈ-ਮੇਲ dgsepunjab18@gmail.com


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)ਪੰਜਾਬ(ਵੈਬ ਸਾਈਟ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)ਪੰਜਾਬ
ਸਮੂਹ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਜਾਬ
ਸਮੂਹ ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ/ਮਿਡਲ ਸਕੂਲ/ਪ੍ਰਾਇਮਰੀ ਸਕੂਲ

ਮੀਮੋ ਨੰ: ਐਸ.ਐਸ.ਏ/2012/ ਕੋਆਰਡੀਨੇਸ਼ਨ / 89573
ਮਿਤੀ,ਚੰਡੀਗੜ੍ਹ: 29.12.2012

ਵਿਸ਼ਾ: ਸਰਕਾਰੀ ਸਕੂਲਾਂ ਵਿੱਚ ਵਿੱਦਿਅਕ ਗਤੀਵਿਧੀਆਂ ਨੂੰ ਹੋਰ ਸਾਰਥਕ ਬਣਾਉਣ ਲਈ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲਿਆਂ ਬਾਰੇ ਕਿਤਾਬਚਾ ਜਾਰੀ ਕਰਨ ਹਿੱਤ।

1.0 ਇਹ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਸਕੂਲਾਂ ਵਿੱਚ ਅਧਿਆਪਕਾਂ ਵੱਲੋਂ ਨਿੱਜੀ ਪੱਧਰ ਤੇ ਜਾਂ ਅਧਿਆਪਕਾਂ ਵੱਲੋਂ ਸਮੂਹਕ ਪੱਧਰ ਤੇ ਅਧਿਆਪਕ ਸਿਖਣ ਪ੍ਰੀਕ੍ਰਿਆਵਾਂ ਨੂੰ ਵਿਦਿਆਰਥੀਆਂ ਲਈ ਹੋਰ ਬਹੇਤਰ ਅਤੇ ਹੋਰ ਸਾਰਥਕ ਬਣਾਉਣ ਹਿੱਤ ਕਾਫੀ ਉਪਰਾਲੇ ਕੀਤੇ ਜਾ ਰਹੇ ਹਨ । ਉਦਾਹਰਣ ਦੇ ਤੌਰ ਤੇ ਕਈ ਸਕੂਲਾਂ ਵਿੱਚ ਮਿਡ-ਡੇ-ਮੀਲ ਲਈ ਸਬਜੀਆਂ ਵਗੈਰਾ ਸਕੂਲਾਂ ਵਿੱਚ ਹੀ ਉਗਾਕੇ ਬੱਚਿਆਂ ਨੂੰ ਹਰੀਆਂ ਸਬਜੀਆਂ ਦਿੱਤੀਆਂ ਜਾ ਰਹੀਆਂ ਹਨ, ਬੱਚਿਆਂ ਦੇ ਜਨਰਲ ਗਿਆਨ ਨੂੰ ਵਧਾਉਣ ਹਿੱਤ ਖਾਸ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ, ਬੱਚਿਆਂ ਵਿੱਚ ਸਾਇੰਸ ਦੀ ਰੁਚੀ ਪੈਦਾ ਕਰਨ ਹਿੱਤ ਵਧੀਆ ਅਤੇ ਨਵੇਂ ਤਰੀਕੇ ਨਾਲ ਸਾਇੰਸ ਦੇ ਤਜਰਬੇ ਕਰਵਾਏ ਜਾ ਰਹੇ ਹਨ, ਕੰਪਿਊਟਰ ਦੇ ਅਧਾਰਿਤ ਪੜ੍ਹਾਈ ਕਰਵਾਈ ਜਾ ਰਹੀ ਹੈ, ਖੇਡਾਂ ਵਿੱਚ ਬੱਚਿਆਂ ਦੀ ਰੁਚੀ ਵਧਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ, ਸਭਿਆਚਾਰ ਗਤੀਵਿਧੀਆਂ, ਸਕੂਲ ਮੈਗਜੀਨ, ਸਕੂਲ ਵੈਲਫੇਅਰ ਫੰਡ ਵਿੱਚ ਅਧਿਆਪਕਾਂ ਅਤੇ ਹੋਰ ਲੋਕਾਂ ਦੇ ਯੋਗਦਾਨ ਸਬੰਧੀ ਭਰਪੂਰ ਉਪਰਾਲੇ ਹੋ ਰਹੇ ਹਨ। ਇਸ ਤੋਂ ਇਲਾਵਾਂ ਵੀ ਪੰਜਾਬ ਦੇ ਬਹੁਤ ਸਾਰੇ ਅਧਿਆਪਕ ਬੜੀ ਜਿੰਮੇਵਾਰੀ ਅਤੇ ਸੁਹਿਰਦਤਾ ਨਾਲ ਸਕੂਲ ਦੇ ਵਿਦਿਅੱਕ ਮਾਹੌਲ ਨੂੰ ਤਨਦੇਹੀ ਨਾਲ ਨਵੇਂ ਨਵੇਂ ਤਜ਼ਰਬਿਆਂ ਨਾਲ ਸਿਰਜ ਰਹੇ ਹਨ।

2.0 ਉਕਤ ਨੂੰ ਮੁੱਖ ਰੱਖਦੇ ਹੋਏ ਇਹ ਜ਼ਰੂਰੀ ਹੈ ਕਿ ਅਜਿਹੇ ਅਧਿਆਪਕਾਂ/ਸਕੂਲ ਮੁੱਖੀਆਂ ਜਾਂ ਅਧਿਆਪਕਾਂ ਦੇ ਗਰੁੱਪਾਂ ਦੁਆਰਾ ਕੀਤੇ ਕੰਮਾਂ ਨੂੰ ਸਾਹਮਣੇ ਲਿਆਂਦਾ ਜਾਵੇ ਅਤੇ ਉਹਨਾਂ ਨੂੰ ਸਲਾਹਿਆ ਜਾਵੇ। ਇਸ ਦੇ ਨਾਲ ਇਹ ਵੀ ਜ਼ਰੂਰੀ ਹੈ ਕਿ ਅਜਿਹੇ ਅਧਿਆਪਕਾਂ ਵੱਲੋਂ ਕੀਤੇ ਜਾ ਰਹੇ ਸਾਲਾਘਾਯੋਗ ਕੰਮਾਂ ਬਾਰੇ ਪੰਜਾਬ ਦੇ ਬਾਕੀ ਸਰਕਾਰੀ ਸਕੂਲਾਂ ਨੂੰ ਵੀ ਜਾਣੂ ਕਰਵਾਇਆ ਜਾਵੇ ਤਾਂ ਜੋ ਉਹ ਵੀ ਇਹਨਾਂ ਦੇ ਤਜ਼ਰਬਿਆਂ ਅਤੇ ਕੋਸ਼ਿਸ਼ਾਂ ਤੋਂ ਲਾਭ ਲੈ ਸਕਣ।

3.0 ਉਕਤ ਨੂੰ ਮੁੱਖ ਰੱਖਦੇ ਹੋਏ ਆਪ ਜੀ ਨੂੰ ਬੇਨਤੀ ਹੈ ਕਿ ਆਪ ਦੇ ਜ਼ਿਲ੍ਹੇ ਅੰਦਰ ਜੇਕਰ ਕਿਸੇ ਸਕੂਲ ਵੱਲੋਂ ਵਿੱਦਿਆ ਦੇ ਉਥਾਨ ਹਿੱਤ ਕੋਈ ਖਾਸ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਉਸ ਸਕੂਲ ਅਧਿਆਪਕ/ਸਕੂਲ ਮੁੱਖੀ ਵੱਲੋਂ ਇਸ ਤਰ੍ਹਾਂ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਇਕ ਨੋਟ ਬਣਾਕੇ ਇਸ ਦਫਤਰ ਨੂੰ ਭੇਜਿਆ ਜਾਵੇ ਤਾਂ ਜੋ ਅਜਿਹੇ ਸਾਰੇ ਉਪਰਾਲਿਆਂ ਨੂੰ ਇੱਕ ਕਿਤਾਬਚੇ ਦੀ ਸਕਲ ਦਿੱਤੀ ਜਾ ਸਕੇ। ਇਹ ਨੋਟ ਭੇਜਣ ਸਮੇਂ ਉਸ ਉਪਰਾਲੇ ਨਾਲ ਸਬੰਧਤ ਫੋਟੋਆਂ, ਦਸਤਾਵੇਜ ਅਤੇ ਹੋਰ ਸਮੱਗਰੀ ਜੇਕਰ ਕੋਈ ਹੋਵੇ, ਵੀ ਨਾਲ ਭੇਜੀ ਜਾਵੇ।

4.0 ਸਮੂਹ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਦੇ ਮੁੱਖੀਆਂ/ਅਧਿਆਪਕਾਂ ਵੱਲੋਂ ਉਕਤ ਅਨੁਸਾਰ ਜਾਣਕਾਰੀ ਸਿੱਧੀ ਵੀ ਇਸ ਦਫਤਰ ਨੂੰ ਡਾਕ ਰਾਹੀਂ ਭੇਜੀ ਜਾ ਸਕਦੀ ਹੈ ਜਾਂ ਇਸ ਦਫਤਰ ਦੀ ਈ-ਮੇਲ dgsepunjab18@gmail.com ਤੇ ਭੇਜੀ ਜਾ ਸਕਦੀ । ਇਹ ਜਾਣਕਾਰੀ ਮਿਤੀ 15 ਦਸੰਬਰ 2012 ਤੱਕ ਭੇਜੀ ਜਾ ਸਕਦੀ ਹੈ।

[signature]

ਕੇ.ਐਸ.ਪੰਨੂੰ,ਆਈ.ਏ.ਐਸ
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ